# ਸ਼ੁਰੂਆਤੀ ਬਚਪਨ ਦੀ ਸਿੱਖਿਆ ਅਤੇ ਦੇਖਭਾਲ ਸਹੂਲਤ ਦੀ ਚੋਣ ਕਰਨਾ

## ਸ਼ੁਰੂਆਤੀ ਸਿੱਖਿਆ ਮਹੱਤਵਪੂਰਨ ਹੈ

ਗੁਣਵੱਤਾ ਭਰਪੂਰ ਸ਼ੁਰੂਆਤੀ ਬਚਪਨ ਦੀ ਸਿੱਖਿਆ ਅਤੇ ਦੇਖਭਾਲ ਸਹੂਲਤਾਂ (ਲੰਬੇ ਦਿਨ ਦੀ ਦੇਖਭਾਲ, ਫ਼ੈਮਿਲੀ ਡੇਅ ਕੇਅਰ, ਪ੍ਰੀਸਕੂਲ, ਸਕੂਲ ਦੇ ਸਮੇਂ ਤੋਂ ਬਾਅਦ ਦੀ ਦੇਖਭਾਲ) ਤੁਹਾਡੇ ਬੱਚੇ ਨੂੰ ਜੀਵਨ ਦੀ ਬੇਹਤਰੀਨ ਸ਼ੁਰੂਆਤ ਦੇਣਗੀਆਂ ਅਤੇ ਸਿੱਖਣ ਅਤੇ ਵਿਕਾਸ ਕਰਨ ਦੇ ਮਹੱਤਵਪੂਰਨ ਮੌਕੇ ਪ੍ਰਦਾਨ ਕਰਨਗੀਆਂ।

ਬੱਚੇ ਜਨਮ ਤੋਂ ਹੀ ਸਿੱਖਣ ਲਈ ਤਿਆਰ ਹੁੰਦੇ ਹਨ, ਜੀਵਨ ਦੇ ਪਹਿਲੇ ਪੰਜ ਸਾਲਾਂ ਵਿੱਚ ਦਿਮਾਗ਼ ਦਾ ਜ਼ਿਆਦਾਤਰ ਵਿਕਾਸ ਹੁੰਦਾ ਹੈ। ਕਿਸੇ ਸਹੂਲਤ ਵਿੱਚ ਤੁਹਾਡੇ ਬੱਚੇ ਦਾ ਨਾਮ ਦਾਖਲ ਕਰਵਾਉਣਾ ਉਹਨਾਂ ਨੂੰ ਉਹਨਾਂ ਦੀ ਦੁਨੀਆ ਦੀ ਪੜਚੋਲ ਕਰਨ ਅਤੇ ਨਵੇਂ ਹੁਨਰ ਵਿਕਸਿਤ ਕਰਨ ਦਾ ਮੌਕਾ ਪ੍ਰਦਾਨ ਕਰੇਗਾ ਜੋ ਉਹਨਾਂ ਦੇ ਵੱਡੇ ਹੋਣ ਤੱਕ ਉਹਨਾਂ ਦੇ ਨਾਲ ਰਹਿਣਗੇ।

## ਜਲਦੀ ਦਾਖ਼ਲਾ ਕਰਵਾਓ

ਸ਼ੁਰੂਆਤੀ ਬਚਪਨ ਦੀ ਸਿੱਖਿਆ ਅਤੇ ਦੇਖਭਾਲ ਸਹੂਲਤਾਂ ਦੀ ਉੱਚ ਮੰਗ ਦੇ ਕਾਰਨ, ਜਿੰਨੀ ਜਲਦੀ ਹੋ ਸਕੇ ਆਪਣੇ ਬੱਚੇ ਨੂੰ ਦਾਖ਼ਲ ਕਰਨਾ ਮਹੱਤਵਪੂਰਨ ਹੈ। ਜੇਕਰ ਤੁਹਾਡੇ ਬੱਚੇ ਨੂੰ ਕਿਸੇ ਖ਼ਾਸ ਉਮਰ ਜਾਂ ਸਮੇਂ ਤੋਂ ਸ਼ੁਰੂ ਕਰਨ ਦੀ ਲੋੜ ਹੈ ਤਾਂ ਅਜਿਹਾ ਕਰਨ ਬਾਰੇ ਸੋਚੋ।

ਜੇਕਰ ਕੋਈ ਥਾਂ ਉਪਲਬਧ ਨਹੀਂ ਹੈ ਤਾਂ ਬਹੁਤ ਸਾਰੀਆਂ ਸੇਵਾਵਾਂ ਦੀ ਉਡੀਕ ਸੂਚੀ ਹੋਵੇਗੀ। ਤੁਸੀਂ ਆਪਣੇ ਬੱਚੇ ਨੂੰ ਇੱਕ ਤੋਂ ਵੱਧ ਸੇਵਾਵਾਂ ਲਈ ਉਡੀਕ ਸੂਚੀ ਵਿੱਚ ਪਾ ਸਕਦੇ ਹੋ।

## ਗੁਣਵੱਤਾ ਨੂੰ ਸਮਝਣਾ

NSW ਵਿੱਚ ਸਾਰੀਆਂ ਪ੍ਰਵਾਨਿਤ ਸੇਵਾਵਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਨੈਸ਼ਨਲ ਕੁਆਲਿਟੀ ਸਟੈਂਡਰਡ (NQS) ਅਨੁਸਾਰ ਦਰਜਾ ਦਿੱਤਾ ਜਾਂਦਾ ਹੈ ਜੋ ਆਸਟ੍ਰੇਲੀਆ ਭਰ ਵਿੱਚ ਸਾਰੀਆਂ ਸੇਵਾਵਾਂ ਦੀ ਗੁਣਵੱਤਾ ਲਈ ਇੱਕ ਬੈਂਚਮਾਰਕ ਨਿਰਧਾਰਤ ਕਰਦਾ ਹੈ।

NSW ਵਿੱਚ, ਸਹੂਲਤ ਦੀ ਗੁਣਵੱਤਾ ਰੇਟਿੰਗ ਇੱਕ ਸਟਾਰ ਗ੍ਰਾਫਿਕ ਦੀ ਵਰਤੋਂ ਕਰਕੇ ਇੱਕ ਸਰਟੀਫ਼ਿਕੇਟ 'ਤੇ ਦਰਸਾਈ ਜਾਂਦੀ ਹੈ। ਇਸ ਸਰਟੀਫ਼ਿਕੇਟ ਨੂੰ ਸਹੂਲਤ ਵਿੱਚ ਲੱਗਿਆ ਦਿਖਾਈ ਦੇਣਾ ਲਾਜ਼ਮੀ ਹੈ ਅਤੇ ਪਰਿਵਾਰਾਂ ਨੂੰ ਸਹੂਲਤ ਦੀ ਸਮੁੱਚੀ ਰੇਟਿੰਗ ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦਾ ਹੈ, ਨਾਲ ਹੀ ਗੁਣਵੱਤਾ ਵਾਲੇ ਖੇਤਰਾਂ ਵਿੱਚੋਂ ਹਰੇਕ ਖੇਤਰ ਲਈ ਇੱਕ ਰੇਟਿੰਗ ਦਿੰਦਾ ਹੈ।




ਗੁਣਵੱਤਾ ਰੇਟਿੰਗ ਸਰਟੀਫ਼ਿਕੇਟ ਤੋਂ ਲਿਆ ਗਿਆ ਸਟਾਰ ਗ੍ਰਾਫਿਕ।

## ਕੀ ਵਿਚਾਰਨਾ ਹੈ

- ਸਹੂਲਤ ਦੀ ਗੁਣਵੱਤਾ
- ਤੁਹਾਡੇ ਬੱਚੇ ਦੀ ਉਮਰ ਅਤੇ ਪਰਿਵਾਰ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਹੂਲਤ ਦੀ ਕਿਸਮ। ਇੱਥੇ ਹੋਰ ਜਾਣੋ: education.nsw.gov.au/choosing-a-service
- ਸਥਾਨ ਉਦਾਹਰਨ ਵਜੋਂ ਘਰ ਜਾਂ ਕੰਮ ਦੇ ਨੇੜੇ
- ਤੁਹਾਡੇ ਬੱਚੇ ਨੂੰ ਦੇਖਭਾਲ ਦੀ ਲੋੜ ਦਾ ਸਮਾਂ ਅਤੇ ਦਿਨ
- ਵੱਖ-ਵੱਖ ਪਿਛੋਕੜਾਂ ਨੂੰ ਕਿਵੇਂ ਮਨਾਇਆ ਜਾਂਦਾ ਹੈ
- ਸਿਹਤ ਦੇਖਭਾਲ ਦੀ ਲੋੜਾਂ

## ਕੋਈ ਸਹੂਲਤ ਲੱਭਣਾ

NSW ਵਿੱਚ ਗੁਣਵੱਤਾ ਭਰਪੂਰ ਬਚਪਨ ਦੀ ਸਿੱਖਿਆ ਅਤੇ ਦੇਖਭਾਲ ਸਹੂਲਤਾਂ ਦਾ ਪਤਾ ਲਗਾਉਣ ਲਈ, ਸ਼ੁਰੂਆਤੀ ਬਚਪਨ ਦੀ ਸਿੱਖਿਆ ਖੋਜਕਰਤਾ ਦੀ ਵਰਤੋਂ ਕਰੋ।

finder.service.nsw.gov.au/ecec

## ਕੀ ਪੁੱਛਣਾ ਹੈ

ਸਹੂਲਤ ਦੇ ਵਿੱਚ ਫੇਰੀ ਪਾਉਣ ਲਈ ਮੁਲਾਕਾਤ ਤੈਅ ਕਰਨ ਲਈ ਫ਼ੋਨ ਕਰੋ। ਇਹ ਯਕੀਨੀ ਬਣਾਏਗਾ ਕਿ ਤੁਹਾਨੂੰ ਸਹੂਲਤ ਵਿੱਚ ਆਸੇ-ਪਾਸੇ ਦਿਖਾਉਣ ਅਤੇ ਹੇਠਾਂ ਦਿੱਤੇ ਸਵਾਲਾਂ ਦੇ ਜਵਾਬ ਦੇਣ ਲਈ ਕੋਈ ਸਟਾਫ਼ ਮੈਂਬਰ ਉਪਲਬਧ ਹੈ:

- [ ] ਕੀ ਉਸ ਦਿਨ/ਦਿਨਾਂ ਅਤੇ ਘੰਟਿਆਂ ‘ਤੇ ਦੇਖਭਾਲ ਸਥਾਨ ਉਪਲਬਧ ਹਨ ਜਿਨ੍ਹਾਂ ਦੀ ਮੈਨੂੰ ਲੋੜ ਹੈ?
- [ ] ਤੁਸੀਂ ਕਿਹੜੇ ਦਿਨ ਅਤੇ ਸਮੇਂ ਨੂੰ ਸਹੂਲਤ ਖੋਲ੍ਹਦੇ ਅਤੇ ਬੰਦ ਕਰਦੇ ਹੋ?
- [ ] ਤੁਹਾਡੀ ਗੁਣਵੱਤਾ ਰੇਟਿੰਗ ਕੀ ਹੈ?
- [ ] ਜੇ ਮੈਨੂੰ ਦੇਖਭਾਲ ਦੇ ਘੰਟੇ ਬਦਲਣ ਦੀ ਲੋੜ ਹੈ ਤਾਂ ਮੈਨੂੰ ਕੀ ਕਰਨ ਦੀ ਲੋੜ ਹੈ ਜਾਂ ਮੈਂ ਕਿਸ ਨਾਲ ਗੱਲ ਕਰਾਂ?
- [ ] ਫ਼ੀਸਾਂ ਕੀ ਹਨ?
- [ ] ਕੀ ਖ਼ਰਚਿਆਂ ਵਿੱਚ ਮੱਦਦ ਕਰਨ ਲਈ ਸਰਕਾਰ ਵੱਲੋਂ ਕੋਈ ਫ਼ੀਸ ਸਬਸਿਡੀ ਜਾਂ ਸਹਾਇਤਾ ਉਪਲਬਧ ਹੈ?
- [ ] ਕੀ ਕੋਈ ਹੋਰ ਖ਼ਰਚੇ ਹਨ ਜੋ ਮੈਨੂੰ ਫੀਸਾਂ ਤੋਂ ਇਲਾਵਾ ਅਤੇ ਉੱਪਰ ਭੁਗਤਾਨ ਕਰਨ ਲਈ ਕਿਹਾ ਜਾਵੇਗਾ? ਜਿਵੇਂ ਕਿ ਦਾਖ਼ਲਾ ਫ਼ੀਸ, ਜਨਤਕ ਛੁੱਟੀਆਂ ਲਈ ਵਾਧੂ ਫ਼ੀਸ?
- [ ] ਸਹੂਲਤ ਦਾ ਪ੍ਰੋਗਰਾਮ ਮੇਰੇ ਬੱਚੇ ਦੀ ਸਿੱਖਣ ਵਿੱਚ ਕਿਵੇਂ ਸਹਾਇਤਾ ਕਰੇਗਾ ਅਤੇ ਮੇਰੇ ਬੱਚੇ ਦੇ ਵਿਕਾਸ ਬਾਰੇ ਮੈਨੂੰ ਕਿਵੇਂ ਦੱਸਿਆ ਜਾਵੇਗਾ?
- [ ] ਤਿਆਰ ਹੋਣ ‘ਤੇ ਵੱਖ-ਵੱਖ ਕਮਰਿਆਂ ਵਿਚਕਾਰ ਤਬਦੀਲੀ ਅਤੇ ਸਕੂਲ ਵਿਚ ਤਬਦੀਲੀ ਲਈ ਕੀ ਪਹੁੰਚ ਲਾਗੂ ਹੈ?
- [ ] ਇੱਥੇ ਬੱਚਿਆਂ ਲਈ ਕਿੰਨੇ ਸਿੱਖਿਅਕ ਹਨ?
- [ ] ਕੀ ਹੁੰਦਾ ਹੈ ਜੇਕਰ ਮੇਰਾ ਬੱਚਾ ਬਿਮਾਰ, ਪ੍ਰੇਸ਼ਾਨ, ਜਾਂ ਬੇਚੈਨ ਹੈ?
- [ ] ਕੀ ਪਰਿਵਾਰ ਸਹੂਲਤ ਵਿਚ ਸ਼ਾਮਲ ਹੋ ਸਕਦੇ ਹਨ ਅਤੇ ਕਿਵੇਂ?
- [ ] ਜੇ ਮੈਨੂੰ ਕੋਈ ਚਿੰਤਾ ਹੈ ਤਾਂ ਮੈਂ ਕੀ ਕਰਾਂ ਜਾਂ ਕਿਸ ਨਾਲ ਗੱਲ ਕਰਾਂ?
- [ ] ਕੀ ਸਹੂਲਤ ਭੋਜਨ (ਅਤੇ ਲੋੜ ਪੈਣ ‘ਤੇ ਨੈਪੀਆਂ) ਪ੍ਰਦਾਨ ਕਰਦੀ ਹੈ ਜਾਂ ਇਹ ਹਰ ਰੋਜ਼ ਘਰੋਂ ਲਿਆਂਦੀਆਂ ਜਾਂਦੀਆਂ ਹਨ?
- [ ] ਕੀ ਤੁਸੀਂ ਮੈਨੂੰ ਦਿਖਾ ਸਕਦੇ ਹੋ ਕਿ ਬੱਚੇ ਕਿੱਥੇ ਸੌਂਦੇ ਹਨ ਅਤੇ ਮੈਨੂੰ ਦੱਸ ਸਕਦੇ ਹੋ ਕਿ ਤੁਸੀਂ ਉਨ੍ਹਾਂ ਦੀ ਕਿੰਨੀ ਵਾਰ ਜਾਂਚ ਕਰਦੇ ਹੋ?

## ਵਧੇਰੇ ਕਿਵੇਂ ਜਾਣਨਾ ਹੈ?

ਗੁਣਵੱਤਾ ਭਰਪੂਰ ਸਹੂਲਤ ਦੀ ਚੋਣ ਕਰਨ ਬਾਰੇ ਹੋਰ ਜਾਣਕਾਰੀ ਪਾਪਤ ਕਰੋ, ‘ਗੁਣਵੱਤਾ ਭਰਪੂਰ ਸਹੂਲਤ ਚੁਣਨਾ’ ਵੈੱਬ ਪੇਜ 'ਤੇ ਜਾਓ।

**education.nsw.gov.au/choosing a-service**